ਮਿੱਠੇ ਬੱਚੇ:- ਤੁਹਾਨੂੰ ਨਸ਼ਾ ਰਹਿਣਾ ਚਾਹੀਦਾ ਹੈ ਕਿ ਅਸੀਂ ਬ੍ਰਾਹਮਣ ਸੋ ਦੇਵਤਾ ਬਣਦੇ ਹਾਂ , ਸਾਨੂੰ ਬ੍ਰਾਹਮਣਾਂ ਨੂੰ ਹੀ ਬਾਪ ਦੀ ਸ੍ਰੇਸ਼ਠ ਮੱਤ ਮਿਲਦੀ ਹੈ "

ਪ੍ਰਸ਼ਨ:- ਜਿਨ੍ਹਾਂ ਦਾ ਨਿਊ ਬਲੱਡ ਹੈ ਉਨ੍ਹਾਂਨੂੰ ਕਿਹੜਾ ਸ਼ੌਂਕ ਅਤੇ ਕਿਹੜੀ ਮਸਤੀ ਹੋਣੀ ਚਾਹੀਦੀ ਹੈ?

ਉੱਤਰ:- ਇਹ ਦੁਨੀਆਂ ਜੋ ਪੁਰਾਣੀ ਆਇਰਨ ਏਜ਼ਡ ਬਣ ਗਈ ਹੈ ਉਸ ਨੂੰ ਨਵੀਂ ਗੋਲਡਨ ਏਜ਼ਡ ਬਣਾਉਣ ਦਾ, ਪੁਰਾਣੇ ਤੋਂ ਨਵਾਂ ਬਣਾਉਣ ਦਾ ਸ਼ੌਂਕ ਹੋਣਾ ਚਾਹੀਦਾ ਹੈ। ਕੰਨਿਆਵਾਂ ਦਾ ਨਿਊ ਬਲੱਡ ਹੈ ਤਾਂ ਆਪਣੇ ਹਮਜਿਨਸ ਨੂੰ ਉਠਾਉਣਾ ਚਾਹੀਦਾ ਹੈ। ਨਸ਼ਾ ਕਾਇਮ ਰੱਖਣਾ ਚਾਹੀਦਾ ਹੈ। ਭਾਸ਼ਣ ਕਰਨ ਵਿੱਚ ਵੀ ਬਹੁਤ ਮਸਤੀ ਹੋਣੀ ਚਾਹੀਦੀ ਹੈ।

ਗੀਤ:- ਰਾਤ ਦੇ ਰਾਹੀ...

ਓਮ ਸ਼ਾਂਤੀ। ਬੱਚਿਆਂ ਨੇ ਇਸ ਗੀਤ ਦਾ ਅਰਥ ਤਾਂ ਸਮਝਿਆ। ਹੁਣ ਭਗਤੀਮਾਰਗ ਦੀ ਘੋਰ ਹਨ੍ਹੇਰੀ ਰਾਤ ਤਾਂ ਪੂਰੀ ਹੋ ਰਹੀ ਹੈ। ਬੱਚੇ ਸਮਝਦੇ ਹਨ ਸਾਡੇ ਉੱਪਰ ਹੁਣ ਤਾਜ ਆਉਣ ਵਾਲਾ ਹੈ। ਇੱਥੇ ਬੈਠੇ ਹਨ, ਏਮ ਆਬਜੈਕਟ ਹੈ - ਮਨੁੱਖ ਤੋਂ ਦੇਵਤਾ ਬਣਨ ਦੀ। ਜਿਵੇਂ ਸੰਨਿਆਸੀ ਸਮਝਾਉਂਦੇ ਹਨ ਤੁਸੀਂ ਆਪਣੇ ਨੂੰ ਭੈਂਸ ਸਮਝੋ ਤਾਂ ਉਹ ਰੂਪ ਹੋ ਜਾਵੋਗੇ। ਉਹ ਹੈ ਭਗਤੀਮਾਰਗ ਦੇ ਦ੍ਰਿਸ਼ਟਾਂਤ। ਜਿਵੇਂ ਇਹ ਵੀ ਦ੍ਰਿਸ਼ਟਾਂਤ ਹੈ ਕਿ ਰਾਮ ਨੇ ਬੰਦਰਾਂ ਦੀ ਸੈਨਾ ਲੀਤੀ ਹੈ। ਤੁਸੀਂ ਇੱਥੇ ਬੈਠੇ ਹੋ। ਜਾਣਦੇ ਹੋ ਅਸੀਂ ਸੋ ਦੇਵੀ - ਦੇਵਤਾ ਡਬਲ ਸਿਰਤਾਜ ਬਣਾਂਗੇ। ਜਿਵੇਂ ਸਕੂਲ ਵਿੱਚ ਪੜ੍ਹਦੇ ਹਨ ਤਾਂ ਕਹਿੰਦੇ ਹਨ ਮੈਂ ਇਹ ਪੜ੍ਹਕੇ ਡਾਕਟਰ ਬਣ ਜਾਵਾਂਗੇ, ਇੰਜੀਨਿਅਰ ਬਣ ਜਾਵਾਂਗੇ। ਤੁਸੀਂ ਸਮਝਦੇ ਹੋ ਇਸ ਪੜ੍ਹਾਈ ਨਾਲ ਅਸੀਂ ਸੋ ਦੇਵੀ - ਦੇਵਤਾ ਬਣ ਰਹੇ ਹਾਂ। ਇਹ ਸ਼ਰੀਰ ਛੱਡਾਂਗੇ ਅਤੇ ਸਾਡੇ ਸਿਰ ਤੇ ਤਾਜ ਹੋਵੇਗਾ। ਇਹ ਤਾਂ ਬਹੁਤ ਗੰਦੀ ਛੀ - ਛੀ ਦੁਨੀਆਂ ਹੈ ਨਾ। ਨਵੀਂ ਦੁਨੀਆਂ ਹੈ ਫਸਟਕਲਾਸ ਦੁਨੀਆਂ। ਪੁਰਾਣੀ ਦੁਨੀਆਂ ਹੈ ਬਿਲਕੁਲ ਥਰਡਕਲਾਸ ਦੁਨੀਆਂ। ਇਹ ਤਾਂ ਖਲਾਸ ਹੋਣ ਵਾਲੀ ਹੈ। ਨਵੇਂ ਵਿਸ਼ਵ ਦਾ ਮਾਲਿਕ ਬਣਾਉਣ ਵਾਲਾ ਜਰੂਰ ਵਿਸ਼ਵ ਦਾ ਰਚਤਾ ਹੀ ਹੋਵੇਗਾ। ਦੂਸਰਾ ਕੋਈ ਪੜ੍ਹਾ ਨਾ ਸਕੇ। ਸ਼ਿਵਬਾਬਾ ਹੀ ਤੁਹਾਨੂੰ ਪੜ੍ਹਾਕੇ ਸਿਖਾਉਂਦੇ ਹਨ। ਬਾਪ ਨੇ ਸਮਝਾਇਆ ਹੈ - ਆਤਮ - ਅਭਿਮਾਨੀ ਪੂਰਾ ਬਣ ਜਾਣ ਤਾਂ ਬਾਕੀ ਹੋਰ ਕੀ ਚਾਹੀਦਾ ਹੈ। ਤੁਸੀਂ ਬ੍ਰਾਹਮਣ ਤਾਂ ਹੋ ਹੀ। ਜਾਣਦੇ ਹੋ ਅਸੀਂ ਦੇਵਤਾ ਬਣ ਰਹੇ ਹਾਂ। ਦੇਵਤੇ ਕਿੰਨੇ ਪਵਿੱਤਰ ਸੀ। ਇੱਥੇ ਕਿੰਨੇ ਪਤਿਤ ਮਨੁੱਖ ਹਨ। ਸ਼ਕਲ ਭਾਵੇਂ ਮਨੁੱਖ ਦੀ ਹੈ ਪਰ ਸੀਰਤ ਵੇਖੋ ਕਿਵੇਂ ਦੀ ਹੈ। ਜੋ ਦੇਵਤਾਵਾਂ ਦੇ ਪੁਜਾਰੀ ਹਨ ਉਹ ਖ਼ੁਦ ਵੀ ਉਨ੍ਹਾਂ ਦੇ ਅੱਗੇ ਮਹਿਮਾ ਗਾਉਂਦੇ ਹਨ - ਤੁਸੀਂ ਸਰਵਗੁਣ ਸੰਪੰਨ, 16 ਕਲਾ ਸੰਪੂਰਨ ਹੋ...ਅਸੀਂ ਵਿਕਾਰੀ ਪਾਪੀ ਹਾਂ। ਸੂਰਤ ਤਾਂ ਉਨ੍ਹਾਂ ਦੀ ਵੀ ਮਨੁੱਖ ਦੀ ਹੈ ਪਰ ਉਨ੍ਹਾਂ ਦੇ ਕੋਲ ਜਾਕੇ ਮਹਿਮਾ ਗਾਉਂਦੇ ਹਨ, ਆਪਣੇ ਨੂੰ ਗੰਦੇ ਵਿਕਾਰੀ ਕਹਿੰਦੇ ਹਨ। ਸਾਡੇ ਵਿੱਚ ਕੋਈ ਗੁਣ ਨਹੀਂ ਹੈ। ਹੈ ਤਾਂ ਮਨੁੱਖ ਮਾਨਾ ਮਨੁੱਖ। ਹੁਣ ਤੁਸੀਂ ਸਮਝਦੇ ਹੋ ਅਸੀਂ ਤਾਂ ਹੁਣ ਚੇਂਜ ਹੋਕੇ ਜਾ ਦੇਵਤਾ ਬਣਾਂਗੇ। ਕ੍ਰਿਸ਼ਨ ਦੀ ਪੂਜਾ ਕਰਦੇ ਹੀ ਇਸਲਈ ਹਨ ਕਿ ਕ੍ਰਿਸ਼ਨਪੁਰੀ ਵਿੱਚ ਜਾਈਏ। ਪਰ ਇਹ ਪਤਾ ਨਹੀਂ ਹੈ ਕਿ ਕਦੋਂ ਜਾਣਗੇ। ਭਗਤੀ ਕਰਦੇ ਰਹਿੰਦੇ ਹਨ ਕਿ ਭਗਵਾਨ ਆਕੇ ਭਗਤੀ ਦਾ ਫਲ ਦੇਣਗੇ। ਪਹਿਲੇ ਤਾਂ ਤੁਹਾਨੂੰ ਇਹ ਨਿਸ਼ਚਾ ਚਾਹੀਦਾ ਕਿ ਸਾਨੂੰ ਪੜ੍ਹਾਉਂਦੇ ਕੌਣ ਹੈ। ਇਹ ਹੈ ਸ਼੍ਰੀ ਸ਼੍ਰੀ ਸ਼ਿਵਬਾਬਾ ਦੀ ਮੱਤ। ਸ਼ਿਵਬਾਬਾ ਤੁਹਾਨੂੰ ਸ਼੍ਰੀਮਤ ਦੇ ਰਹੇ ਹਨ। ਜਿਨ੍ਹਾਂ ਨੂੰ ਇਹ ਪਤਾ ਨਹੀਂ ਉਹ ਸ੍ਰੇਸ਼ਠ ਬਣ ਕਿਵੇਂ ਸਕਦੇ ਹਨ। ਇੰਨੇ ਸਭ ਬ੍ਰਾਹਮਣ ਸ਼੍ਰੀ ਸ਼੍ਰੀ ਸ਼ਿਵਬਾਬਾ ਦੀ ਮੱਤ ਤੇ ਚਲਦੇ ਹਨ। ਪਰਮਾਤਮਾ ਦੀ ਮੱਤ ਹੀ ਸ੍ਰੇਸ਼ਠ ਬਣਾਉਂਦੀ ਹੈ, ਜਿਨ੍ਹਾਂ ਦੀ ਤਕਦੀਰ ਵਿੱਚ ਹੋਵੇਗਾ, ਉਨ੍ਹਾਂ ਦੀ ਬੁੱਧੀ ਵਿਚ ਬੈਠੇਗਾ। ਨਹੀਂ ਤਾਂ ਕੁਝ ਵੀ ਸਮਝਣਗੇ ਨਹੀਂ। ਜਦ ਸਮਝਣਗੇ ਤਦ ਖੁਸ਼ ਹੋ ਮਦਦ ਕਰਨ ਲੱਗ ਪੈਣਗੇ। ਕਈ ਤਾਂ ਜਾਣਦੇ ਨਹੀਂ ਹਨ, ਉਨ੍ਹਾਂ ਨੂੰ ਕੀ ਪਤਾ, ਇਹ ਕੌਣ ਹੈ ਇਸਲਈ ਬਾਬਾ ਕਿਸੇ ਨਾਲ ਮਿਲਦੇ ਵੀ ਨਹੀਂ ਹਨ। ਉਹ ਤਾਂ ਹੋਰ ਹੀ ਆਪਣੀ ਮਤ ਕੱਢਣਗੇ। ਸ਼੍ਰੀਮਤ ਨੂੰ ਨਾ ਜਾਨਣ ਕਾਰਨ ਉਨ੍ਹਾਂ ਨੂੰ ਵੀ ਆਪਣੀ ਮੱਤ ਦੇਣ ਲੱਗ ਪੈਂਦੇ ਹਨ। ਹੁਣ ਬਾਪ ਆਏ ਹੀ ਹਨ ਤੁਸੀਂ ਬੱਚਿਆਂ ਨੂੰ ਸ੍ਰੇਸ਼ਠ ਬਣਾਉਣ ਦੇ ਲਈ। ਬੱਚੇ ਜਾਣਦੇ ਹਨ 5 ਹਜ਼ਾਰ ਵਰ੍ਹੇ ਪਹਿਲੇ ਮੁਆਫਿਕ ਬਾਬਾ ਤੁਹਾਨੂੰ ਆਕੇ ਮਿਲੇ ਹਨ। ਜਿਨ੍ਹਾਂ ਨੂੰ ਪਤਾ ਨਹੀਂ ਹੈ, ਇਵੇਂ ਰਿਸਪਾਂਡ ਦੇ ਨਹੀਂ ਸਕਦੇ। ਬੱਚਿਆਂ ਨੂੰ ਪੜ੍ਹਾਈ ਦਾ ਬਹੁਤ ਨਸ਼ਾ ਰਹਿਣਾ ਚਾਹੀਦਾ ਹੈ। ਇਹ ਬਹੁਤ ਉੱਚ ਪੜ੍ਹਾਈ ਹੈ ਪਰ ਮਾਇਆ ਵੀ ਬਹੁਤ ਅਗੇਂਸਟ ਹੈ। ਤੁਸੀਂ ਜਾਣਦੇ ਹੋ ਅਸੀਂ ਉਹ ਪੜ੍ਹਾਈ ਪੜ੍ਹਦੇ ਹਾਂ ਜਿਸ ਨਾਲ ਸਾਡੇ ਸਿਰ ਤੇ ਡਬਲ ਸਿਰਤਾਜ ਆਉਣਾ ਹੈ। ਭਵਿੱਖ ਜਨਮ - ਜਨਮਾਂਤਰ ਡਬਲ ਸਿਰਤਾਜ ਬਣੋਂਗੇ। ਤਾਂ ਇਸ ਦੇ ਲਈ ਫਿਰ ਇਵੇਂ ਪੂਰਾ ਪੁਰਸ਼ਾਰਥ ਕਰਨਾ ਚਾਹੀਦਾ ਹੈ ਨਾ। ਇਸ ਨੂੰ ਕਿਹਾ ਜਾਂਦਾ ਹੈ ਰਾਜਯੋਗ। ਕਿੰਨਾ ਵੰਡਰ ਹੈ। ਬਾਬਾ ਹਮੇਸ਼ਾ ਸਮਝਾਉਂਦੇ ਹਨ - ਲਕਸ਼ਮੀ - ਨਾਰਾਇਣ ਦੇ ਮੰਦਿਰ ਵਿੱਚ ਜਾਓ। ਪੁਜਾਰੀਆਂ ਨੂੰ ਵੀ ਤੁਸੀਂ ਸਮਝਾ ਸਕਦੇ ਹੋ। ਪੁਜਾਰੀ ਵੀ ਕਿਸੇ ਨੂੰ ਬੈਠ ਸਮਝਾਏ ਕਿ ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਵੀ ਇਹ ਪਦਵੀ ਕਿਵੇਂ ਮਿਲੀ, ਇਹ ਵਿਸ਼ਵ ਦਾ ਮਾਲਿਕ ਕਿਵੇਂ ਬਣੇ? ਇਵੇਂ - ਇਵੇਂ ਬੈਠ ਸੁਣਾਏ ਤਾਂ ਪੁਜਾਰੀ ਦਾ ਵੀ ਮਾਨ ਹੋ ਜਾਵੇ। ਤੁਸੀਂ ਕਹਿ ਸਕਦੇ ਹੋ ਅਸੀਂ ਤੁਹਾਨੂੰ ਸਮਝਾਉਂਦੇ ਹਾਂ ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਇਹ ਰਾਜ ਕਿਵੇਂ ਮਿਲਿਆ? ਗੀਤਾ ਵਿੱਚ ਵੀ ਭਗਵਾਨੁਵਾਚ ਹੈ ਨਾ। ਮੈਂ ਤੁਹਾਨੂੰ ਰਾਜਯੋਗ ਸਿਖਾਕੇ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਸ੍ਵਰਗਵਾਸੀ ਤਾਂ ਤੁਸੀਂ ਬਣਦੇ ਹੋ ਨਾ। ਤਾਂ ਬੱਚਿਆਂ ਨੂੰ ਕਿੰਨਾ ਨਸ਼ਾ ਰਹਿਣਾ ਚਾਹੀਦਾ - ਅਸੀਂ ਇਹ ਬਣਦੇ ਹਾਂ! ਭਾਵੇਂ ਆਪਣਾ ਚਿੱਤਰ ਅਤੇ ਰਾਜਾਈ ਦਾ ਚਿੱਤਰ ਵੀ ਇੱਥੇ ਨਾਲ ਕੱਢੋ। ਥੱਲੇ ਤੁਹਾਡਾ ਚਿੱਤਰ, ਉੱਪਰ ਵਿੱਚ ਰਜਾਈ ਦਾ ਚਿੱਤਰ ਹੋਵੇ। ਇਸ ਵਿੱਚ ਖਰਚਾ ਤਾਂ ਨਹੀਂ ਹੈ ਨਾ। ਰਾਜਾਈ ਪੋਸ਼ਾਕ ਤਾਂ ਝੱਟ ਬਣ ਸਕਦੀ ਹੈ। ਤਾਂ ਘੜੀ - ਘੜੀ ਯਾਦ ਰਹੇਗਾ - ਅਸੀਂ ਸੋ ਦੇਵਤਾ ਬਣ ਰਹੇ ਹਾਂ। ਉੱਪਰ ਵਿੱਚ ਭਾਵੇਂ ਸ਼ਿਵਬਾਬਾ ਵੀ ਹੋਵੇ। ਇਹ ਵੀ

ਚਿੱਤਰ ਕਢਣੇ ਹੋਣਗੇ। ਤੁਸੀਂ ਮਨੁੱਖ ਤੋਂ ਦੇਵਤਾ ਬਣਦੇ ਹੋ। ਇਹ ਸ਼ਰੀਰ ਛੱਡ ਅਸੀਂ ਜਾ ਦੇਵਤਾ ਬਣਾਂਗੇ ਕਿਓਂਕਿ ਹੁਣ ਅਸੀਂ ਇਹ ਰਾਜਯੋਗ ਸਿੱਖ ਰਹੇ ਹਾਂ। ਤਾਂ ਇਹ ਫੋਟੋ ਵੀ ਮਦਦ ਕਰਨਗੇ। ਉੱਪਰ ਵਿੱਚ ਸ਼ਿਵ ਫਿਰ ਰਾਜਾਈ ਚਿੱਤਰ। ਥੱਲੇ ਤੁਹਾਡਾ ਸਾਧਾਰਨ ਚਿੱਤਰ। ਸ਼ਿਵਬਾਬਾ ਤੋਂ ਰਾਜਯੋਗ ਸਿੱਖ ਅਸੀਂ ਸੋ ਦੇਵਤਾ ਡਬਲ ਸਿਰਤਾਜ ਬਣ ਰਹੇ ਹਾਂ। ਚਿੱਤਰ ਰੱਖਿਆ ਹੋਵੇਗਾ, ਕੋਈ ਵੀ ਪੁੱਛਣਗੇ ਤਾਂ ਅਸੀਂ ਦੱਸ ਸਕਾਂਗੇ - ਸਾਨੂੰ ਸਿਖਾਉਣ ਵਾਲਾ ਇਹ ਸ਼ਿਵਬਾਬਾ ਹੈ। ਚਿੱਤਰ ਵੇਖਣ ਨਾਲ ਬੱਚਿਆਂ ਨੂੰ ਨਸ਼ਾ ਚੜ੍ਹੇਗਾ। ਭਾਵੇਂ ਦੁਕਾਨ ਵਿੱਚ ਵੀ ਇਹ ਚਿੱਤਰ ਰੱਖ ਦੇਵੋ। ਭਗਤੀ ਮਾਰਗ ਵਿੱਚ ਬਾਬਾ ਨਾਰਾਇਣ ਦਾ ਚਿੱਤਰ ਰੱਖਦਾ ਸੀ। ਪਾਕੇਟ ਵਿੱਚ ਵੀ ਰਹਿੰਦਾ ਸੀ। ਤੁਸੀਂ ਵੀ ਆਪਣਾ ਫੋਟੋ ਰੱਖ ਦੇਵੋ ਤਾਂ ਯਾਦ ਰਹੇਗਾ - ਅਸੀਂ ਸੋ ਦੇਵੀ - ਦੇਵਤਾ ਬਣ ਰਹੇ ਹਾਂ। ਬਾਪ ਨੂੰ ਯਾਦ ਕਰਨ ਦਾ ਉਪਾਏ ਲੱਭਣਾ ਚਾਹੀਦਾ। ਬਾਪ ਨੂੰ ਭੁੱਲਣ ਨਾਲ ਹੀ ਡਿੱਗਦੇ ਹਨ। ਵਿਕਾਰ ਵਿੱਚ ਡਿੱਗੇਗਾ ਤਾਂ ਫਿਰ ਸ਼ਰਮ ਆਏਗੀ। ਹੁਣ ਤਾਂ ਅਸੀਂ ਇਹ ਦੇਵਤਾ ਬਣ ਨਹੀਂ ਸਕਾਂਗੇ। ਹਾਰਟ ਫੇਲ ਹੋ ਜਾਏਗੀ। ਹੁਣ ਅਸੀਂ ਦੇਵਤਾ ਕਿਵੇਂ ਬਣਾਂਗੇ? ਬਾਬਾ ਕਹਿੰਦੇ ਹਨ ਵਿਕਾਰ ਵਿੱਚ ਡਿੱਗਣ ਵਾਲੇ ਦਾ ਫੋਟੋ ਕੱਢ ਦੇਵੋ। ਬੋਲੋ, ਤੁਸੀਂ ਸ੍ਵਰਗ ਵਿੱਚ ਚਲਣ ਲਾਇਕ ਨਹੀਂ ਹੋ, ਤੁਹਾਡਾ ਪਾਸਪੋਰਟ ਖਲਾਸ। ਖ਼ੁਦ ਵੀ ਫੀਲ ਕਰਨਗੇ ਅਸੀਂ ਤਾਂ ਡਿੱਗ ਗਏ। ਹੁਣ ਅਸੀਂ ਸ੍ਵਰਗ ਵਿੱਚ ਕਿਵੇਂ ਜਾਵਾਂਗੇ। ਜਿਵੇਂ ਨਾਰਦ ਦਾ ਮਿਸਾਲ ਦਿੰਦੇ ਹਨ। ਉਨ੍ਹਾਂ ਨੂੰ ਕਿਹਾ ਤੁਸੀਂ ਆਪਣੀ ਸ਼ਕਲ ਤਾਂ ਵੇਖੋ। ਲਕਸ਼ਮੀ ਨੂੰ ਵਰਨ ਲਾਇਕ ਹੋ? ਤਾਂ ਸ਼ਕਲ ਬੰਦਰ ਦੀ ਵਿਖਾਈ ਪਈ। ਤਾਂ ਮਨੁੱਖ ਨੂੰ ਵੀ ਸ਼ਰਮ ਆਏਗੀ - ਸਾਡੇ ਵਿੱਚ ਤਾਂ ਇਹ ਵਿਕਾਰ ਹਨ, ਫਿਰ ਅਸੀਂ ਸ੍ਰੀ ਨਾਰਾਇਣ ਨੂੰ ਤੇ ਸ੍ਰੀ ਲਕਸ਼ਮੀ ਨੂੰ ਕਿਵੇਂ ਵਰਾਂਗੇ। ਬਾਬਾ ਯੁਕਤੀਆਂ ਤਾਂ ਸਭ ਦੱਸਦੇ ਹਨ। ਪਰ ਕੋਈ ਵਿਸ਼ਵਾਸ਼ ਵੀ ਰੱਖੇ ਨਾ। ਵਿਕਾਰ ਦਾ ਨਸ਼ਾ ਆਉਂਦਾ ਹੈ ਤਾਂ ਸਮਝਦੇ ਹਨ ਇਸ ਹਿਸਾਬ ਨਾਲ ਅਸੀਂ ਰਾਜਿਆਂ ਦਾ ਰਾਜਾ ਡਬਲ ਸਰਤਾਜ ਕਿਵੇਂ ਬਣਾਂਗੇ। ਪੁਰਸ਼ਾਰਥ ਤਾਂ ਕਰਨਾ ਚਾਹੀਦਾ ਹੈ ਨਾ। ਬਾਬਾ ਸਮਝਾਉਂਦੇ ਰਹਿੰਦੇ ਹਨ- ਅਜਿਹੀਆਂ ਯੁਕਤੀਆਂ ਰਚੋ ਅਤੇ ਸਭ ਨੂੰ ਸਮਝਾਉਂਦੇ ਰਹੋ। ਇਹ ਰਾਜਯੋਗ ਦੀ ਸਥਾਪਨਾ ਹੋ ਰਹੀ ਹੈ । ਹੁਣ ਵਿਨਾਸ਼ ਸਾਹਮਣੇ ਖੜ੍ਹਾ ਹੈ। ਦਿਨ - ਪ੍ਰਤੀਦਿਨ ਤੂਫ਼ਾਨ ਜ਼ੋਰ ਦਾ ਹੁੰਦਾ ਜਾਂਦਾ ਹੈ। ਬੰਬ ਆਦਿ ਵੀ ਤਿਆਰ ਹੋ ਰਹੇ ਹਨ। ਤੁਸੀਂ ਇਹ ਪੜ੍ਹਾਈ ਪੜ੍ਹਦੇ ਹੀ ਹੋ ਭਵਿੱਖ ਉੱਚ ਪਦ ਪਾਉਣ ਦੇ ਲਈ। ਤੁਸੀਂ ਇੱਕ ਹੀ ਵਾਰ ਪਤਿਤ ਤੋਂ ਪਾਵਨ ਬਣਦੇ ਹੋ। ਮਨੁੱਖ ਸਮਝਦੇ ਥੋੜੀ ਹੀ ਹਨ ਕਿ ਅਸੀਂ ਨਰਕਵਾਸੀ ਹਾਂ ਕਿਓਂਕਿ ਪੱਥਰਬੁਧੀ ਹਨ। ਹੁਣ ਤੁਸੀਂ ਪੱਥਰਬੁਧੀ ਤੋਂ ਪਾਰਸ ਬੁੱਧੀ ਬਣ ਰਹੇ ਹੋ। ਤਕਦੀਰ ਵਿੱਚ ਹੋਵੇਗਾ ਤਾਂ ਝੱਟ ਸਮਝੇਗਾ। ਨਹੀਂ ਤਾਂ ਤੁਸੀਂ ਕਿੰਨਾ ਵੀ ਮੱਥਾ ਮਾਰੋ, ਬੁੱਧੀ ਵਿੱਚ ਬੈਠੇਗਾ ਨਹੀਂ। ਬਾਪ ਨੂੰ ਹੀ ਨਹੀਂ ਜਾਣਦੇ ਤਾਂ ਨਾਸਤਿਕ ਹਨ ਮਤਲਬ ਨਾ ਧਨੀ ਦੇ। ਤਾਂ ਧਨਕਾ ਬਣਾਉਣਾ ਚਾਹੀਦਾ ਹੈ ਨਾ। ਜੱਦ ਕਿ ਸ਼ਿਵਬਾਬਾ ਦੇ ਬੱਚੇ ਹਨ। ਇੱਥੇ ਜਿਨ੍ਹਾਂ ਨੂੰ ਗਿਆਨ ਹੈ ਉਹ ਆਪਣੇ ਬੱਚਿਆਂ ਨੂੰ ਵਿਕਾਰਾਂ ਤੋਂ ਬਚਾਉਂਦੇ ਰਹਿਣਗੇ। ਅਗਿਆਨੀ ਲੋਕ ਤਾਂ ਆਪਣੇ ਮੁਆਫਿਕ ਬੱਚਿਆਂ ਨੂੰ ਵੀ ਫਸਾਉਂਦੇ ਰਹਿਣਗੇ। ਤੁਸੀਂ ਜਾਣਦੇ ਹੋ ਇੱਥੇ ਵਿਕਾਰ ਤੋਂ ਬਚਾਇਆ ਜਾਂਦਾ ਹੈ। ਕੰਨਿਆਵਾਂ ਨੂੰ ਤਾਂ ਪਹਿਲੇ ਬਚਾਉਣਾ ਚਾਹੀਦਾ ਹੈ। ਮਾਂ - ਬਾਪ ਜਿਵੇਂ ਕਿ ਬੱਚੇ ਨੂੰ ਵਿਕਾਰ ਵਿੱਚ ਧੱਕਾ ਦਿੰਦੇ ਹਨ। ਤੁਸੀਂ ਜਾਣਦੇ ਹੋ ਇਹ ਭ੍ਰਿਸ਼ਟਾਚਾਰੀ ਦੁਨੀਆਂ ਹੈ। ਸ੍ਰੇਸ਼ਠਾਚਾਰੀ ਦੁਨੀਆਂ ਚਾਹੁੰਦੇ ਹੋ। ਭਗਵਾਨੁਵਾਚ - ਮੈਂ ਜੱਦ ਆਉਂਦਾ ਹਾਂ ਸ੍ਰੇਸ਼ਠਾਚਾਰੀ ਬਣਾਉਣ ਦੇ ਲਈ ਤਾਂ ਸਭ ਭ੍ਰਿਸ਼ਟਾਚਾਰੀ ਹਨ। ਮੈਂ ਸਭ ਦਾ ਉਧਾਰ ਕਰਦਾ ਹਾਂ। ਗੀਤਾ ਵਿੱਚ ਵੀ ਲਿਖਿਆ ਹੋਇਆ ਹੈ ਭਗਵਾਨ ਨੂੰ ਹੀ - ਸਾਧੂ - ਸੰਤਾਂ ਆਦਿ ਸਭ ਦਾ ਉਧਾਰ ਕਰਨ ਆਉਣਾ ਹੈ। ਇੱਕ ਹੀ ਭਗਵਾਨ ਬਾਪ ਆਕੇ ਸਭ ਦਾ ਉਧਾਰ ਕਰਦੇ ਹਨ। ਹੁਣ ਤੁਸੀਂ ਵੰਡਰ ਖਾਂਦੇ ਹੋ - ਮਨੁੱਖ ਕਿੰਨੇ ਪੱਥਰਬੁਧੀ ਹੋ ਜਾਂਦੇ ਹਨ। ਇਸ ਸਮੇਂ ਜੇ ਪਤਾ ਹੋਏ ਵੱਡਿਆਂ - ਵੱਡਿਆਂ ਨੂੰ ਕਿ ਗੀਤਾ ਦਾ ਭਗਵਾਨ ਸ਼ਿਵ ਹੈ ਤਾਂ ਪਤਾ ਨਹੀਂ ਕੀ ਹੋ ਜਾਏ। ਹਾਹਾਕਾਰ ਮੱਚ ਜਾਵੇ। ਪਰ ਹਾਲੇ ਦੇਰੀ ਹੈ। ਨਹੀਂ ਤਾਂ ਸਭਦੇ ਅੱਡੇ ਇੱਕਦਮ ਹਿੱਲਣ ਲੱਗ ਜਾਣ। ਬਹੁਤਿਆਂ ਦੇ ਤਖਤ ਹਿੱਲਦੇ ਹਨ ਨਾ। ਲੜ੍ਹਾਈ ਜਦੋਂ ਹੁੰਦੀ ਹੈ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਦਾ ਤਖ਼ਤ ਹਿੱਲਣ ਲੱਗ ਪਿਆ ਹੈ, ਹੁਣ ਡਿੱਗ ਪੈਣਗੇ। ਹੁਣ ਇਹ ਹਿੱਲਣ ਤਾਂ ਬਹੁਤ ਹਲਚਲ ਮੱਚ ਜਾਵੇ। ਅੱਗੇ ਚਲ ਹੋਣ ਵਾਲਾ ਹੈ। ਪਤਿਤ - ਪਾਵਨ ਸ੍ਰਵ ਦਾ ਸਦਗਤੀ ਦਾਤਾ ਖ਼ੁਦ ਕਹਿੰਦੇ ਹਨ - ਬਰੋਬਰ ਬ੍ਰਹਮਾ ਤਨ ਨਾਲ ਸਥਾਪਨਾ ਕਰ ਰਹੇ ਹਨ। ਸਰਵ ਦੀ ਸਦਗਤੀ ਮਤਲਬ ਉਧਾਰ ਕਰ ਰਹੇ ਹਨ। ਭਗਵਾਨੁਵਾਚ - ਇਹ ਪਤਿਤ ਦੁਨੀਆਂ ਹੈ, ਇਨ੍ਹਾਂ ਸਭਨਾਂ ਦਾ ਉਦਾਰ ਮੈਂ ਹੀ ਕਰਨਾ ਹੈ। ਹੁਣ ਸਭ ਪਤਿਤ ਹਨ। ਪਤਿਤ ਫਿਰ ਕਿਸੇ ਨੂੰ ਪਾਵਨ ਕਿਵੇਂ ਬਣਾਉਣਗੇ? ਪਹਿਲਾਂ ਤਾਂ ਖ਼ੁਦ ਪਾਵਨ ਬਣਨ ਫਿਰ ਫਾਲੋਅਰਜ਼ ਨੂੰ ਬਣਾਉਣ ਭਾਸ਼ਣ ਕਰਨ ਵਿੱਚ ਬਹੁਤ ਮਸਤੀ ਚਾਹੀਦੀ ਹੈ। ਕੰਨਿਆਵਾਂ ਦਾ ਨਿਊ ਬਲੱਡ ਹੈ। ਤੁਸੀਂ ਪੁਰਾਣੇ ਤੋਂ ਨਵਾਂ ਬਣਾ ਰਹੇ ਹੋ। ਤੁਹਾਡੀ ਆਤਮਾ ਜੋ ਪੁਰਾਣੀ ਆਇਰਨ ਏਜ਼ਡ ਬਣ ਗਈ ਹੈ, ਹੁਣ ਨਵੀ ਗੋਲਡਨ ਏਜ਼ਡ ਬਣਦੀ ਹਰ। ਖਾਦ ਨਿਕਲਦੀ ਜਾਂਦੀ ਹੈ। ਤਾਂ ਬੱਚਿਆਂ ਨੂੰ ਬਹੁਤ ਸ਼ੌਕ ਚਾਹੀਦਾ ਹੈ। ਨਸ਼ਾ ਕਾਇਮ ਰੱਖਣਾ ਚਾਹੀਦਾ ਹੈ। ਆਪਣੇ ਹਮਜਿਨਸ ਨੂੰ ਉਠਾਉਣਾ ਚਾਹੀਦਾ ਹੈ। ਗਾਇਆ ਵੀ ਜਾਂਦਾ ਹੈ, ਗੁਰੂ ਮਾਤਾ। ਮਾਤਾ ਗੁਰੂ ਕਦੋਂ ਹੁੰਦੀ ਹੈ ਸੋ ਹੁਣ ਤੁਸੀਂ ਜਾਣਦੇ ਹੋ। ਜਗਤ ਅੰਬਾ ਹੀ ਫਿਰ ਰਾਜ - ਰਾਜੇਸ਼ਵਰੀ ਬਣਦੀ ਹੈ। ਫਿਰ ਉੱਥੇ ਕੋਈ ਗੁਰੂ ਰਹਿੰਦਾ ਹੀ ਨਹੀਂ। ਗੁਰੂ ਦਾ ਸਿਲਸਿਲਾ ਇਸ ਵੇਲੇ ਚਲਦਾ ਹੈ। ਮਾਤਾਵਾਂ ਤੇ ਬਾਪ ਆਕੇ ਗਿਆਨ ਅੰਮ੍ਰਿਤ ਦਾ ਕਲਸ਼ ਰੱਖਦੇ ਹਨ। ਸ਼ੁਰੂ ਤੋਂ ਅਜਿਹਾ ਹੁੰਦਾ ਹੈ। ਸੈਂਟਰਜ ਦੇ ਲਈ ਵੀ ਕਹਿੰਦੇ ਹਨ ਬ੍ਰਹਮਾਕੁਮਾਰੀ ਚਾਹੀਦੀ ਹੈ। ਬਾਬਾ ਤੇ ਕਹਿੰਦੇ ਹਨ ਆਪੇ ਹੀ ਚਲਾਓ। ਹਿੰਮਤ ਨਹੀਂ ਹੈ? ਕਹਿੰਦੇ ਨਹੀਂ ਬਾਬਾ ਟੀਚਰ ਚਾਹੀਦਾ। ਇਹ ਵੀ ਠੀਕ ਹੈ, ਮਾਨ ਦਿੰਦੇ ਹਨ।

ਅੱਜਕਲ ਇੱਕ - ਦੂਜੇ ਨੂੰ ਮਾਨ ਵੀ ਲੰਗੜਾ ਦਿੰਦੇ ਹਨ। ਅੱਜ ਪ੍ਰਾਈਮ ਮਿਨਿਸਟਰ ਹੈ ਕੱਲ ਉਡਾ ਦਿੰਦੇ ਹਨ। ਸਥਾਈ ਸੁਖ ਕਿਸੇ ਨੂੰ ਮਿਲਦਾ ਨਹੀਂ। ਇਸ ਸਮੇਂ ਤੁਹਾਨੂੰ ਬੱਚਿਆਂ ਨੂੰ ਸਥਾਈ ਰਾਜਭਾਗ ਮਿਲ ਰਿਹਾ ਹੈ। ਤੁਹਾਨੂੰ ਬਾਬਾ ਕਿੰਨੀ ਤਰ੍ਹਾਂ ਨਾਲ ਸਮਝਾਉਂਦੇ ਹਨ। ਆਪਣੇ ਨੂੰ ਸਦੈਵ ਖ਼ੁਸ਼ ਰੱਖਣ ਲਈ ਚੰਗੀਆਂ - ਚੰਗੀਆਂ ਯੁਕਤੀਆਂ ਦੱਸਦੇ ਹਨ। ਸ਼ੁਭ ਭਾਵਨਾ ਰੱਖਣੀ ਹੈ ਨਾ। ਓਹੋ! ਅਸੀਂ ਇਹ ਲਕਸ਼ਮੀ - ਨਾਰਾਇਣ ਬਣਦੇ ਹਾਂ ਫਿਰ ਜੇਕਰ ਕਿਸੇ ਦੀ ਤਕਦੀਰ ਵਿੱਚ ਨਹੀਂ ਹੈ ਤਾਂ ਤਦਬੀਰ ਕੀ ਕਰੀਏ। ਬਾਬਾ ਤਦਬੀਰ ਤਾਂ ਦੱਸਦੇ ਹਨ ਨਾ। ਤਦਬੀਰ ਬੇਕਾਰ ਨਹੀਂ ਜਾਂਦੀ ਹੈ। ਇਹ ਤੇ ਸਦਾ ਸਫਲ ਹੁੰਦੀ ਹੈ। ਰਾਜਧਾਨੀ ਸਥਾਪਨ ਹੋ ਹੀ ਜਾਵੇਗੀ। ਵਿਨਾਸ਼ ਵੀ

ਮਹਾਭਾਰਤ ਲੜਾਈ ਦਵਾਰਾ ਹੋਣਾ ਹੀ ਹੈ। ਅੱਗੇ ਚੱਲ ਤੁਸੀਂ ਜੋਰ ਭਰੋ ਤਾਂ ਇਹ ਸਭ ਆਉਣਗੇ। ਹਾਲੇ ਨਹੀਂ ਸਮਝਣਗੇ ਫਿਰ ਤਾਂ ਉਨ੍ਹਾਂ ਦੀ ਰਾਜਾਈ ਹੀ ਉੱਡ ਜਾਵੇ। ਕਿੰਨੇਂ ਢੇਰ ਗੁਰੂ ਲੋਕ ਹਨ, ਅਜਿਹਾ ਕੋਈ ਮਨੁੱਖ ਨਹੀਂ ਜੋ ਕਿਸੇ ਗੁਰੂ ਦਾ ਫਾਲੋਅਰਜ ਨਾ ਹੋਵੇ। ਇੱਥੇ ਤੁਹਾਨੂੰ ਇੱਕ ਸਤਿਗੁਰੂ ਮਿਲਿਆ ਹੈ ਸਦਗਤੀ ਦੇਣ ਵਾਲਾ। ਚਿੱਤਰ ਬਹੁਤ ਵਧੀਆ ਹਨ। ਇਹ ਹੈ ਸਦਗਤੀ ਮਤਲਬ ਸੁਖਧਾਮ, ਇਹ ਹੈ ਮੁਕਤੀਧਾਮ। ਬੁੱਧੀ ਵੀ ਕਹਿੰਦੀ ਹੈ ਅਸੀਂ ਸਭ ਆਤਮਾਵਾਂ ਨਿਰਵਾਣਧਾਮ ਵਿੱਚ ਰਹਿੰਦੀਆਂ ਹਾਂ। ਜਿਥੋਂ ਫਿਰ ਟਾਕੀ ਵਿੱਚ ਆਉਂਦੇ ਹਾਂ। ਉੱਥੇ ਦੇ ਰਹਿਵਾਸੀ ਹਾਂ। ਇਹ ਖੇਡ ਹੀ ਭਾਰਤ ਤੇ ਬਣੀ ਹੋਈ ਹੈ। ਸ਼ਿਵਜਯੰਤੀ ਵੀ ਇੱਥੇ ਮਨਾਉਂਦੇ ਹਨ। ਬਾਪ ਕਹਿੰਦੇ ਹਨ ਮੈਂ ਆਇਆ ਹਾਂ, ਕਲਪ ਦੇ ਬਾਦ ਫਿਰ ਆਵਾਂਗੇ। ਹਰ 5 ਹਜ਼ਾਰ ਵਰ੍ਹਿਆਂ ਬਾਦ ਬਾਪ ਦੇ ਆਉਂਦੇ ਹੀ ਪੈਰਾਡਾਇਜ ਬਣ ਜਾਂਦਾ ਹੈ। ਕਹਿੰਦੇ ਵੀ ਹਨ ਕ੍ਰਾਇਸਟ ਦੇ ਇਨ੍ਹੇ ਵਰ੍ਹੇ ਪਹਿਲਾਂ ਪੈਰਾਡਾਇਜ ਸੀ, ਸ੍ਵਰਗ ਸੀ। ਹੁਣ ਨਹੀਂ ਹੈ ਫਿਰ ਹੋਣਾ ਹੈ। ਤਾਂ ਜਰੂਰ ਨਰਕਵਾਸੀਆਂ ਦਾ ਵਿਨਾਸ਼, ਸਵਰਗਵਾਸੀਆਂ ਦੀ ਸਥਾਪਨਾ ਚਾਹੀਦੀ ਹੈ। ਸੋ ਤੁਸੀਂ ਸਵਰਗਵਾਸੀ ਬਣ ਰਹੇ ਹੋ। ਨਰਕਵਾਸੀ ਸਭ ਵਿਨਾਸ਼ ਹੋ ਜਾਣਗੇ। ਉਹ ਸਮਝਦੇ ਹਨ ਅਜੇ ਲੱਖਾਂ ਵਰ੍ਹੇ ਪਏ ਹਨ। ਬੱਚੇ ਵੱਡੇ ਹੋ ਵਿਆਹ ਕਰਵਾਉਣ... ਤੁਸੀਂ ਥੋੜ੍ਹੀ ਨਾ ਇਵੇਂ ਕਹੋਗੇ। ਜੇਕਰ ਬੱਚਾ ਸਲਾਹ ਤੇ ਨਹੀਂ ਚਲਦਾ ਹੈ ਤਾਂ ਫਿਰ ਸ਼੍ਰੀਮਤ ਲੈਣੀ ਪਵੇ ਕਿ ਸਵਰਗਵਾਸੀ ਨਹੀਂ ਬਣਦੇ ਹਨ ਤਾਂ ਕੀ ਕਰੀਏ। ਬਾਪ ਕਹਿਣਗੇ ਜੇਕਰ ਆਗਿਆਕਾਰੀ ਨਹੀਂ ਹਨ ਤਾਂ ਜਾਣ ਦੇਵੋ। ਇਸ ਵਿੱਚ ਪੱਕੀ ਨਸ਼ਟੋਮੋਹਾ ਅਵਸਥਾ ਚਾਹੀਦੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸ਼੍ਰੀ ਸ਼੍ਰੀ ਸ਼ਿਵਬਾਬਾ ਦੀ ਸ੍ਰੇਸ਼ਠ ਮੱਤ ਤੇ ਚੱਲ ਕੇ ਆਪਣੇ ਨੂੰ ਸ੍ਰੇਸ਼ਠ ਬਣਾਉਣਾ ਹੈ। ਸ਼੍ਰੀਮਤ ਵਿੱਚ ਮਨਮਤ ਮਿਕਸ ਨਹੀਂ ਕਰਨੀ ਹੈ। ਈਸ਼ਵਰੀਏ ਪੜ੍ਹਾਈ ਦੇ ਨਸ਼ੇ ਵਿੱਚ ਰਹਿਣਾ ਹੈ।

2. ਆਪਣੇ ਹਮਜਿਨਸ ਦੇ ਕਲਿਆਣ ਦੀਆਂ ਯੁਕਤੀਆਂ ਰਚਣੀਆਂ ਹਨ। ਸਭਦੇ ਪ੍ਰਤੀ ਸ਼ੁਭਭਾਵਣਾ ਰੱਖਦੇ ਹੋਏ ਇੱਕ - ਦੂਜੇ ਨੂੰ ਸੱਚਾ ਮਾਨ ਦੇਣਾ ਹੈ। ਲੰਗੜਾ ਮਾਨ ਨਹੀਂ।

ਵਰਦਾਨ:- ਨਿਰੰਤਰ ਬਾਪ ਦੇ ਸਾਥ ਦੀ ਅਨੁਭੂਤੀ ਦ੍ਵਾਰਾ ਹਰ ਸੈਕਿੰਡ , ਹਰ ਸੰਕਲਪ ਵਿਚ ਸਹਿਯੋਗੀ ਬਣਨ ਵਾਲੇ ਸਹਿਜਯੋਗੀ ਭਵ।

ਜਿਵੇਂ ਸ਼ਰੀਰ ਅਤੇ ਆਤਮਾ ਦਾ ਜਦੋਂ ਤੱਕ ਪਾਰਟ ਹੈ ਉਦੋਂ ਤੱਕ ਵੱਖ ਹੋ ਨਹੀਂ ਪਾਉਂਦੀ ਹੈ, ਇਵੇਂ ਬਾਪ ਦੀ ਯਾਦ ਬੁੱਧੀ ਤੋਂ ਵੱਖ ਨਾ ਹੋਵੇ, ਸਦਾ ਬਾਪ ਦਾ ਸਾਥ ਹੋਵੇ, ਦੂਜੀ ਕੋਈ ਵੀ ਸਮ੍ਰਿਤੀ ਆਪਣੇ ਵੱਲ ਆਕਰਸ਼ਿਤ ਨਹੀਂ ਕਰੇ - ਇਸ ਨੂੰ ਹੀ ਸਹਿਜ ਅਤੇ ਖੁਦ ਯੋਗੀ ਕਿਹਾ ਜਾਂਦਾ ਹੈ। ਅਜਿਹਾ ਯੋਗੀ ਹਰ ਸੈਕਿੰਡ ਹਰ ਸੰਕਲਪ, ਹਰ ਵਚਨ, ਹਰ ਕਰਮ ਵਿਚ ਸਹਿਯੋਗੀ ਹੁੰਦਾ ਹੈ। ਸਹਿਯੋਗੀ ਮਤਲਬ ਜਿਸ ਦਾ ਇੱਕ ਸੰਕਲਪ ਵੀ ਸਹਿਯੋਗ ਦੇ ਬਿਨਾਂ ਨਾ ਹੋਵੇ। ਅਜਿਹੇ ਯੋਗੀ ਅਤੇ ਸਹਿਯੋਗੀ ਸ਼ਕਤੀਸ਼ਾਲੀ ਬਣ ਜਾਂਦੇ ਹਨ।

ਸਲੋਗਨ:- ਸਮੱਸਿਆ ਸਵਰੂਪ ਬਣ ਦੇ ਬਜਾਏ, ਸਮੱਸਿਆ ਨੂੰ ਮਿਟਾਉਣ ਵਾਲੇ ਸਮਾਧਾਨ ਸਵਰੂਪ ਬਣੋ।

******

ਅਵਿੱਅਕਤ ਇਸ਼ਾਰੇ - ਇਸ ਅਵਿੱਅਕਤ ਮਹੀਨੇ ਵਿੱਚ ਬੰਧਨਮੁਕਤ ਰਹਿ ਜੀਵਨਮੁਕਤ ਸਥਿਤੀ ਦਾ ਅਨੁਭਵ ਕਰੋ।

ਆਪਣੇ ਸਥੂਲ ਅਤੇ ਸੂਕਸ਼ਮ ਬੰਧਨਾਂ ਦੀ ਲਿਸਟ ਸਾਮ੍ਹਣੇ ਰੱਖੋ। ਲਕਸ਼ ਰੱਖੋ ਕਿ ਮੈਨੂੰ ਬੰਧਨਮੁਕਤ ਬਣਨਾ ਹੀ ਹੈ। " ਹੁਣ ਨਹੀਂ ਤਾਂ ਕਦੇ ਨਹੀਂ"- ਸਦਾ ਇਹ ਹੀ ਪਾਠ ਪੱਕਾ ਕਰੋ। " ਸਵਤੰਤਰਤਾ ਬ੍ਰਾਹਮਣ ਜਨਮ ਦਾ ਅਧਿਕਾਰ ਹੈ" - ਆਪਣਾ ਜਨਮ ਸਿੱਧ ਅਧਿਕਾਰ ਪ੍ਰਾਪਤ ਕਰ ਜੀਵਨ ਮੁਕਤ ਸਥਿਤੀ ਦਾ ਅਨੁਭਵ ਕਰੋ। ਜਦੋਂ ਆਪਣੇ ਨੂੰ ਗ੍ਰਹਿਸਥੀ ਸਮਝਦੇ ਹੋ ਤਾਂ ਗ੍ਰਹਿਸਥੀ ਦਾ ਜਾਲ ਹੁੰਦਾ। ਗ੍ਰਹਿਸਥੀ ਬਣਨਾ ਮਾਨਾ ਜਾਲ ਵਿੱਚ ਫਸਣਾ। ਟਰੱਸਟੀ ਮਤਲਬ ਮੁਕਤ।